# ਦਫਤਰ ਡਿਪਟੀ ਕਮਿਸ਼ਨਰ ਜਲੰਧਰ
**Office of the Deputy Commissioner**
Jalandhar (Punjab)

Ph. : 0181-2224783 (O)
: 2459664 (R)
Fax : 2224727
e-mail : dc.jal@punjab.gov.in


No. ..........................

Date ........................

ਵੱਲ

ਸਮੂਹ ਵਿਭਾਗਾਂ ਦੇ ਮੁਖੀ,
ਜਲੰਧਰ।

ਨੰ: 12988/ਐਮ.ਸੀ.4/ਐਮ.ਏ. ਮਿਤੀ 07.07.2020

**ਵਿਸ਼ਾ:** **'ਮਿਸ਼ਨ ਫਤਿਹ' ਤਹਿਤ ਕੋਵਾ ਐਪ ਰਾਹੀਂ ਮਿਸ਼ਨ ਵਾਰੀਅਰਜ਼ ਬਣਾਉਣ ਬਾਰੇ।**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਵੱਧ ਤੋਂ ਵੱਧ ਕੋਵਿਡ-19 ਬਾਰੇ ਜਾਗਰੂਕ ਕਰਨ ਲਈ 'ਮਿਸ਼ਨ ਫਤਿਹ' ਤਹਿਤ ਕੋਵਾ ਐਪ ਰਾਹੀਂ ਵੱਧ ਤੋਂ ਵੱਧ ਮਿਸ਼ਨ ਵਾਰੀਅਰਜ਼ ਬਣਾਏ ਜਾਣੇ ਹਨ।

ਇਸ ਲਈ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਸਬੰਧੀ ਕੋਵਾ ਐਪ ਰਾਹੀਂ ਲੋਕਾਂ ਨੂੰ ਕੋਵਿਡ-19 ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਕੋਵਾ ਐਪ ਰਾਹੀਂ ਮਿਸ਼ਨ ਵਾਰੀਅਰਜ ਬਣਾਇਆ ਜਾਵੇ ਅਤੇ ਇਸ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਰਿਪੋਰਟ ਦਫ਼ਤਰ ਡਿਪਟੀ ਕਮਿਸ਼ਨਰ, ਜਲੰਧਰ ਨੂੰ ਹਰ ਬੁੱਧਵਾਰ ਨੂੰ ਸ਼ਾਮ 4 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ। ਉਪਰੋਕਤ ਸਬੰਧੀ ਹੋਈ ਪ੍ਰਗਤੀ ਦਾ ਜਾਇਜਾ ਦਫ਼ਤਰ ਡਿਪਟੀ ਕਮਿਸ਼ਨਰ, ਜਲੰਧਰ ਵਿਖੇ ਮਿਤੀ 09.07.2020 ਨੂੰ ਸ਼ਾਮ 4.00 ਵਜੇ ਲਿਆ ਜਾਵੇਗਾ ਅਤੇ ਢਿੱਲੀ ਕਾਰਜਗੁਜ਼ਾਰੀ ਵਾਲੇ ਵਿਭਾਗਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਲਈ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 'ਮਿਸ਼ਨ ਫਤਿਹ' ਤਹਿਤ ਕੋਵਾ ਐਪ ਰਾਹੀਂ ਵੱਧ ਤੋਂ ਵੱਧ ਲੋਕਾਂ ਨੂੰ ਮਿਸ਼ਨ ਵਾਰੀਅਰਜ਼ ਬਣਾਇਆ ਜਾਵੇ।

**ਡਿਪਟੀ ਕਮਿਸ਼ਨਰ,**
**ਜਲੰਧਰ।**

ਪਿੱਠ ਅੰਕਣ ਨੰ: 12989/ਐਮ.ਸੀ.4/ਐਮ.ਏ. ਮਿਤੀ 07.07.2020

ਉਪਰੋਕਤ ਦਾ ਉਤਾਰਾ ਮਿਸ਼ਨ ਫਤਿਹ ਦੇ ਜਿਲ੍ਹਾ ਨੋਡਲ ਅਫ਼ਸਰ ਨਵਨੀਤ ਕੌਰ ਬੱਲ, ਪੀ.ਸੀ.ਐਸ. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਡਿਪਟੀ ਡਾਇਰੈਕਟਰ, ਲੋਕ ਸੂਚਨਾ ਤੇ ਸੰਪਰਕ ਵਿਭਾਗ, ਜਲੰਧਰ ਨਾਲ ਤਾਲਮੇਲ ਕਰਕੇ ਵੱਖ-ਵੱਖ ਵਿਭਾਗਾਂ ਵੱਲੋਂ ਇਨ੍ਹਾਂ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਉਣਗੇ।

**ਡਿਪਟੀ ਕਮਿਸ਼ਨਰ,**
**ਜਲੰਧਰ।**